# ਬੁਸ਼ਫਾਇਰ ਅਤੇ ਊਰਜਾ ਸੁਰੱਖਿਆ

## ਐਨਰਜੀ ਸੇਫ਼ ਵਿਕਟੋਰੀਆ

ਤੱਥ ਸ਼ੀਟ

ਵਿਕਟੋਰੀਆ ਦੁਨੀਆ ਦੇ ਸਭ ਤੋਂ ਵੱਧ ਬੁਸ਼ਫਾਇਰ (ਜੰਗਲ ਦੀ ਅੱਗ) ਲੱਗਣ ਵਾਲੇ ਖੇਤਰਾਂ ਵਿੱਚੋਂ ਇੱਕ ਹੈ - ਇਹ ਜਾਣਨਾ ਮਹੱਤਵਪੂਰਨ ਹੈ ਕਿ ਜੇਕਰ ਨੇੜੇ ਅੱਗ ਲੱਗੀ ਹੋਈ ਹੈ ਅਤੇ ਤੁਹਾਨੂੰ ਆਪਣਾ ਘਰ ਛੱਡਣਾ ਪਵੇਗਾ ਤਾਂ ਊਰਜਾ ਸੁਰੱਖਿਅਤ ਕਿਵੇਂ ਰਹੀਏ।

ਹੇਠਾਂ ਦਿੱਤੀ ਬਿਜਲੀ ਅਤੇ ਗੈਸ ਸੁਰੱਖਿਆ ਜਾਣਕਾਰੀ ਤੁਹਾਡੀ ਅਤੇ ਤੁਹਾਡੀ ਜਾਇਦਾਦ ਦੀ ਸੁਰੱਖਿਆ ਕਰਨ ਵਿੱਚ ਮੱਦਦ ਕਰ ਸਕਦੀ ਹੈ।

## ਆਪਣਾ ਘਰ ਛੱਡਣ ਤੋਂ ਪਹਿਲਾਂ

ਜੇਕਰ ਸਮਾਂ ਇਜਾਜ਼ਤ ਦਿੰਦਾ ਹੈ, ਤਾਂ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ।

### ਬਿਜਲੀ

- ਮੇਨ ਸਵਿੱਚ ਸਮੇਤ, ਬਿਜਲੀ ਦੇ ਮੇਨ ਸਵਿੱਚਬੋਰਡ ਵਿੱਚ ਲੱਗੇ ਸਾਰੇ ਸਵਿੱਚਾਂ ਨੂੰ ਬੰਦ ਕਰੋ।
- ਆਪਣੇ ਉਪਕਰਨਾਂ ਦੇ ਪਲੱਗ ਬਾਹਰ ਕੱਢ ਦਿਓ।

### ਸੋਲਰ

- ਆਪਣੇ ਸੋਲਰ ਸਿਸਟਮ ਨੂੰ ਇਨਵਰਟਰ ਕੋਲੋਂ ਬੰਦ ਕਰ ਦਿਓ ਅਤੇ ਫਿਰ ਇਸਨੂੰ ਸਵਿੱਚਬੋਰਡ ਤੋਂ ਬੰਦ ਕਰੋ। ਸਵਿੱਚਬੋਰਡ ਵਿੱਚ ਲੱਗੇ ਸਾਰੇ ਸਵਿੱਚ ਬੰਦ ਹੋਣੇ ਚਾਹੀਦੇ ਹਨ। ਸਿਸਟਮ ਨੂੰ ਬੰਦ ਕਰਨ ਦੀਆਂ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਹੋਵੇਗੀ।
- ਸੂਰਜੀ ਬੈਟਰੀਆਂ ਨੂੰ ਬੰਦ ਕਰੋ। ਬੰਦ ਕਰਨ ਦੀ ਪ੍ਰਕਿਰਿਆ ਦਾ ਪਾਲਣ ਕਰੋ ਜੋ ਬੈਟਰੀ ਸਿਸਟਮ ਦੇ ਨੇੜੇ ਹੋਵੇਗੀ।
- ਬੈਟਰੀ ਨੂੰ ਵੱਖ ਕਰਨ ਜਾਂ ਕਿਸੇ ਵੀ ਪੈਨਲ ਨੂੰ ਖੋਲ੍ਹਣ ਦੀ ਕੋਸ਼ਿਸ਼ ਨਾ ਕਰੋ।

### ਗੈਸ

- ਆਪਣੇ ਗੈਸ ਮੀਟਰ ਕੋਲੋਂ ਗੈਸ ਦੀ ਸਪਲਾਈ ਬੰਦ ਕਰ ਦਿਓ। ਅਜਿਹਾ ਕਰਨ ਲਈ, ਗੈਸ ਸਪਲਾਈ ਸੇਵਾ ਵਾਲਵ ਨੂੰ 'ਬੰਦ' ਹੋਣ ਦੀ ਸਥਿਤੀ ਤੱਕ ਘੁੰਮਾਓ ਤਾਂ ਕਿ ਹੈਂਡਲ ਲੰਬੀ ਸਿੱਧੀ ਰੇਖਾ ਵਿੱਚ ਹੋਵੇ।

### LPG ਸਿਲੰਡਰ

- ਯਕੀਨੀ ਬਣਾਓ ਕਿ ਸਾਰੇ LPG ਸਿਲੰਡਰ, ਸਿਲੰਡਰ ਦੇ ਉੱਪਰ ਲੱਗੇ ਵਾਲਵ ਤੋਂ ਬੰਦ ਹਨ (ਸਿਲੰਡਰ ਵਾਲਵ ਨੂੰ ਬੰਦ ਕਰਨ ਲਈ ਵਾਲਵ ਨੂੰ ਘੜੀ ਦੀ ਦਿਸ਼ਾ ਵਾਂਗ ਘੁੰਮਾਓ)।
- ਜਦੋਂ ਤੱਕ LPG ਸਿਲੰਡਰ ਨੂੰ ਖ਼ਤਰੇ ਤੋਂ ਦੂਰ ਨਹੀਂ ਲਿਜਾਇਆ ਜਾ ਚੁੱਕਿਆ ਹੈ ਤਾਂ, ਉਦੋਂ ਤੱਕ ਕਿਸੇ ਵੀ ਉਪਕਰਨ ਨੂੰ ਡਿਸਕਨੈਕਟ ਨਾ ਕਰੋ।
- ਸਿਲੰਡਰਾਂ ਨੂੰ ਉੱਥੇ ਹੀ ਛੱਡੋ ਜਿੱਥੇ ਉਹ ਲੱਗੇ ਹੋਏ ਸਨ - ਉਹਨਾਂ ਨੂੰ ਇਮਾਰਤਾਂ, ਸ਼ੈੱਡਾਂ, ਬੇਸਮੈਂਟਾਂ ਜਾਂ ਵਾਹਨਾਂ ਦੇ ਅੰਦਰ ਨਾ ਲਿਜਾਓ। ਖ਼ਰਾਬ ਸਿਲੰਡਰ ਗੈਸ ਲੀਕ ਹੋ ਸਕਦਾ ਹੈ ਅਤੇ ਖ਼ਤਰਨਾਕ ਹੋ ਸਕਦਾ ਹੈ।
- ਪਿੰਜਰੇ ਵਿੱਚ ਰੱਖੇ ਗਏ LPG ਸਿਲੰਡਰਾਂ ਲਈ, ਯਕੀਨੀ ਬਣਾਓ ਕਿ ਪਿੰਜਰੇ ਦੇ ਗੇਟਾਂ ਨੂੰ ਤਾਲਾ ਲਗਾਇਆ ਗਿਆ ਹੈ ਅਤੇ ਪਿੰਜਰੇ ਨੂੰ ਇੱਕ ਸਥਿਰ ਮਜ਼ਬੂਤ ਢਾਂਚੇ ਨਾਲ ਸੁਰੱਖਿਅਤ ਢੰਗ ਨਾਲ ਬੰਨ੍ਹਿਆ ਗਿਆ। ਪਿੰਜਰਿਆਂ ਵਿੱਚ ਰੱਖੇ ਗਏ LPG ਸਿਲੰਡਰ ਤੇਜ਼ ਹਵਾਵਾਂ ਵਿੱਚ ਵੱਧ ਸਥਿਰ ਹੁੰਦੇ ਹਨ।
- ਜਿੱਥੇ ਵੀ ਸੰਭਵ ਹੋਵੇ, ਇਹ ਯਕੀਨੀ ਬਣਾਓ ਕਿ LPG ਸਿਲੰਡਰ ਖੜ੍ਹੇ ਹੋਏ ਹੋਣ।

VICTORIA State Government

energysafe VICTORIA

## ਘਰ ਪਰਤਣਾ

ਜੇਕਰ ਤੁਹਾਡੀ ਜਾਇਦਾਦ ਨੂੰ ਕਾਫ਼ੀ ਨੁਕਸਾਨ ਹੋ ਗਿਆ ਹੈ, ਤਾਂ ਯਕੀਨੀ ਬਣਾਓ ਕਿ ਲਾਇਸੰਸਸ਼ੁਦਾ ਇਲੈਕਟ੍ਰੀਸ਼ੀਅਨ ਇਹ ਜਾਂਚ ਕਰਦਾ ਹੈ ਕਿ ਬਿਜਲੀ ਨੂੰ ਵਾਪਸ ਚਾਲੂ ਕਰਨਾ ਸੁਰੱਖਿਅਤ ਹੈ।

### ਆਪਣੀ ਬਿਜਲੀ ਨੂੰ ਸੁਰੱਖਿਅਤ ਢੰਗ ਨਾਲ ਵਾਪਸ ਚਾਲੂ ਕਰਨਾ

ਜੇਕਰ ਤੁਹਾਡੀ ਜਾਇਦਾਦ ਨੂੰ ਨੁਕਸਾਨ ਨਹੀਂ ਪਹੁੰਚਿਆ ਹੈ ਪਰ ਜਦੋਂ ਤੁਸੀਂ ਦੂਰ ਸੀ ਤਾਂ ਬਿਜਲੀ ਵਿੱਚ ਵਿਘਨ ਪਿਆ ਸੀ:

- ਕਿਸੇ ਵੀ ਬਿਜਲੀ ਦੀਆਂ ਕੇਬਲਾਂ, ਤਾਰਾਂ ਜਾਂ ਹੋਰ ਬਿਜਲੀ ਉਪਕਰਨਾਂ ਨੂੰ ਹੋਏ ਨੁਕਸਾਨ ਦੀ ਜਾਂਚ ਕਰੋ। ਜੇਕਰ ਤੁਹਾਨੂੰ ਕਿਸੇ ਸਮੱਸਿਆ ਦਾ ਪਤਾ ਲੱਗਦਾ ਹੈ ਤਾਂ:
  - ਬਿਜਲੀ ਚਾਲੂ ਨਾ ਕਰੋ
  - ਖ਼ਰਾਬ ਉਪਕਰਨ ਜਾਂ ਕੇਬਲ ਨੂੰ ਨਾ ਛੂਹੋ
  - ਇਸਨੂੰ ਸੁਰੱਖਿਅਤ ਬਣਾਉਣ ਲਈ ਲਾਇਸੰਸਸ਼ੁਦਾ ਇਲੈਕਟ੍ਰੀਸ਼ੀਅਨ ਨੂੰ ਫ਼ੋਨ ਕਰੋ।
- ਬਿਜਲੀ ਦੀ ਸਪਲਾਈ ਨੂੰ ਮੁੜ ਚਾਲੂ ਕਰਨ ਤੋਂ ਪਹਿਲਾਂ ਸਾਰੇ ਬਿਜਲੀ ਯੰਤਰਾਂ ਅਤੇ ਉਪਕਰਨਾਂ ਦਾ ਪਲੱਗ ਕੱਢ ਦਿਓ ਜਾਂ ਬੰਦ ਕਰੋ। ਇਸ ਵਿੱਚ ਤੁਹਾਡੇ ਸਵਿੱਚਬੋਰਡ 'ਤੇ ਸਰਕਟ ਬ੍ਰੇਕਰ, RCD (ਜਾਂ 'ਸੇਫ਼ਟੀ ਸਵਿੱਚ') ਜਾਂ ਹੋਰ ਸਵਿੱਚ ਸ਼ਾਮਲ ਹਨ।
- ਬਿਜਲੀ ਦੀ ਮੇਨ ਸਵਿੱਚ ਨੂੰ ਚਾਲੂ ਕਰੋ।
- ਹਰ ਇੱਕ ਸਰਕਟ ਬ੍ਰੇਕਰ ਨੂੰ ਇੱਕ-ਇੱਕ ਕਰਕੇ ਚਾਲੂ ਕਰੋ।
  - ਜੇਕਰ ਤੁਹਾਡੇ ਕੋਲ RCD ਹੈ, ਤਾਂ ਟੈਸਟ ਬਟਨ ਨੂੰ ਪੰਜ ਸਕਿੰਟਾਂ ਲਈ ਦਬਾ ਕੇ ਰੱਖੋ। ਇਸ ਨਾਲ ਬਿਜਲੀ ਬੰਦ ਹੋ ਜਾਵੇਗੀ। RCD ਨੂੰ ਟੈਸਟ ਬਟਨ ਦਬਾਉਣ 'ਤੇ ਤੁਰੰਤ ਕੰਮ ਕਰਨਾ ਚਾਹੀਦਾ ਹੈ।
  - RCD ਨੂੰ ਰੀਸੈੱਟ ਕਰੋ ਅਤੇ ਟੈਸਟ ਬਟਨ ਨੂੰ ਦੂਜੀ ਵਾਰ ਦਬਾਓ। ਜੇਕਰ RCD ਸਹੀ ਢੰਗ ਨਾਲ ਕੰਮ ਕਰਦਾ ਹੈ ਅਤੇ ਬਿਜਲੀ ਬੰਦ ਕਰ ਦਿੰਦਾ ਹੈ, ਤਾਂ ਇਸਨੂੰ ਰੀਸੈੱਟ ਕਰੋ ਅਤੇ ਤੁਸੀਂ ਇਲੈਕਟ੍ਰੀਕਲ ਉਪਕਰਨਾਂ ਨੂੰ ਚਾਲੂ ਕਰ ਸਕਦੇ ਹੋ।
  - ਜੇਕਰ RCD ਟੈਸਟ ਕਰਨ 'ਤੇ ਅਸਫ਼ਲ ਹੋ ਜਾਂਦੀ ਹੈ, ਤਾਂ ਇਸਨੂੰ ਬੰਦ ਕਰੋ ਅਤੇ ਇਸਨੂੰ ਲਾਇਸੰਸਸ਼ੁਦਾ ਇਲੈਕਟ੍ਰੀਸ਼ੀਅਨ ਦੀ ਮੱਦਦ ਨਾਲ ਬਦਲ ਦਿਓ।

### ਲੱਗੇ ਹੋਏ ਸੋਲਰ ਪੈਨਲ

ਸੋਲਰ ਪੈਨਲ ਦਿਨ ਦੇ ਸਮੇਂ ਦੌਰਾਨ ਬਿਜਲੀ ਪੈਦਾ ਕਰ ਸਕਦੇ ਹਨ। ਇਸਦਾ ਮਤਲਬ ਹੈ ਕਿ ਉਹ ਇੱਕ ਸੰਭਾਵੀ ਸੁਰੱਖਿਆ ਜ਼ੋਖਮ ਹੋ ਸਕਦੇ ਹਨ **ਭਾਵੇਂ ਬਿਜਲੀ ਬੰਦ ਕੀਤੀ ਗਈ ਹੋਵੇ।**

- ਜੇਕਰ ਤੁਸੀਂ ਆਪਣੇ ਸੋਲਰ ਸਿਸਟਮ ਜਾਂ ਬੈਟਰੀ ਨੂੰ ਕੋਈ ਨੁਕਸਾਨ ਹੋਇਆ ਦੇਖਦੇ ਹੋ ਤਾਂ ਕਦੇ ਵੀ ਕਿਸੇ ਵੀ ਉਪਕਰਨ ਜਾਂ ਕੇਬਲ ਦੇ ਨੇੜੇ ਨਾ ਜਾਓ।
- ਜੇਕਰ ਤੁਹਾਨੂੰ ਉਪਕਰਨ ਜਾਂ ਕੇਬਲ ਬਾਰੇ ਕੋਈ ਚਿੰਤਾ ਹੈ ਤਾਂ ਕਦੇ ਵੀ ਕਿਸੇ ਉਹਨਾਂ ਦੇ ਨੇੜੇ ਨਾ ਜਾਓ।
- ਸਿਸਟਮ ਨੂੰ ਸੁਰੱਖਿਅਤ ਬਣਾਉਣ ਲਈ ਲਾਇਸੰਸਸ਼ੁਦਾ ਇਲੈਕਟ੍ਰੀਸ਼ੀਅਨ ਨੂੰ ਫ਼ੋਨ ਕਰੋ।

### ਤਰਲ ਪੈਟਰੋਲੀਅਮ ਗੈਸ (LPG)

- ਜੇਕਰ ਤੁਹਾਡੀ ਜਾਇਦਾਦ ਅੱਗ ਜਾਂ ਗਰਮੀ ਨਾਲ ਪ੍ਰਭਾਵਿਤ ਹੋਈ ਹੈ, ਤਾਂ ਗੈਸ ਦੀ ਸਪਲਾਈ ਨੂੰ ਚਾਲੂ ਨਾ ਕਰੋ ਜਾਂ ਕੋਈ ਵੀ ਉਪਕਰਨ ਚਾਲੂ ਕਰਨ ਦੀ ਕੋਸ਼ਿਸ਼ ਨਾ ਕਰੋ। ਹੋ ਸਕਦਾ ਹੈ ਕਿ ਕੁੱਝ ਨੁਕਸਾਨ ਦਿਖਾਈ ਨਾ ਦੇ ਰਹੇ ਹੋਣ, ਖ਼ਾਸ ਕਰਕੇ ਸਿਸਟਮ ਦੇ ਅੰਦਰੂਨੀ ਹਿੱਸਿਆਂ ਨੂੰ ਹੋਏ ਨੁਕਸਾਨ। ਲਾਇਸੰਸਸ਼ੁਦਾ ਗੈਸ ਫ਼ਿੱਟਰ ਤੋਂ ਗੈਸ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਇਹ ਜਾਂਚ ਕਰਵਾਉਣੀ ਚਾਹੀਦੀ ਹੈ ਕਿ ਸਪਲਾਈ ਬਹਾਲ ਕਰਨ ਤੋਂ ਪਹਿਲਾਂ ਉਪਕਰਨ ਸੁਰੱਖਿਅਤ ਹਨ।
- ਜੇਕਰ ਕੋਈ LPG ਸਿਲੰਡਰ ਡਿੱਗ ਗਿਆ ਹੈ ਜਾਂ ਉਲਟ ਗਿਆ ਹੈ, ਤਾਂ ਇਸਨੂੰ ਹਿਲਾਉਣ ਦੀ ਕੋਸ਼ਿਸ਼ ਨਾ ਕਰੋ। ਆਪਣੇ ਸਥਾਨਕ LPG ਵਿਤਰਕ ਨਾਲ ਸੰਪਰਕ ਕਰੋ।

- ਜੇਕਰ ਤੁਸੀਂ LPG ਦੀ ਆਵਾਜ਼ ਨੂੰ ਸੁਣ ਜਾਂ ਸੁੰਘ ਸਕਦੇ ਹੋ
  - ਜੇਕਰ ਅਜਿਹਾ ਕਰਨਾ ਸੁਰੱਖਿਅਤ ਹੈ ਤਾਂ ਸਿਲੰਡਰ ਨੂੰ ਬੰਦ ਕਰ ਦਿਓ,
  - ਆਪਣੇ LPG ਵਿਤਰਕ ਜਾਂ ਲਾਇਸੰਸਸ਼ੁਦਾ ਗੈਸ ਫਿੱਟਰ ਨੂੰ ਫ਼ੋਨ ਕਰੋ
  - ਇਸਤੋਂ ਕਾਫ਼ੀ ਦੂਰ ਰਹੋ ਅਤੇ ਚਿੰਗਆੜੀ ਲੱਗਣ ਦੇ ਕਿਸੇ ਵੀ ਸਰੋਤ ਨੂੰ ਇਸਤੋਂ ਦੂਰ ਰੱਖੋ, ਇਸ ਵਿੱਚ ਮੋਮਬੱਤੀਆਂ, ਮਾਚਿਸ, ਗੈਸ ਵਾਲੀ ਲਾਲਟੈਨ ਆਦਿ ਸ਼ਾਮਲ ਹਨ।

## ਕੁਦਰਤੀ ਗੈਸ

- ਜੇਕਰ ਤੁਹਾਡੀ ਜਾਇਦਾਦ ਅੱਗ ਜਾਂ ਗਰਮੀ ਨਾਲ ਪ੍ਰਭਾਵਿਤ ਹੋਈ ਹੈ, ਤਾਂ ਗੈਸ ਸਪਲਾਈ ਨੂੰ ਮੁੜ ਚਾਲੂ ਕਰਨ ਤੋਂ ਪਹਿਲਾਂ ਇੰਸਟਾਲੇਸ਼ਨ ਦੀ ਜਾਂਚ ਕਰਨ ਲਈ ਲਾਇਸੰਸਸ਼ੁਦਾ ਗੈਸ ਫਿੱਟਰ ਦੀ ਸੇਵਾ ਲਵੋ। ਹੋ ਸਕਦਾ ਹੈ ਕਿ ਸਿਸਟਮ ਦੇ ਕੁੱਝ ਹਿੱਸਿਆਂ ਨੂੰ ਨੁਕਸਾਨ ਦਿਖਾਈ ਨਾ ਦੇ ਰਿਹਾ ਹੋਵੇ।
- ਜੇਕਰ ਤੁਹਾਨੂੰ ਸ਼ੱਕ ਹੈ ਕਿ ਕੁਦਰਤੀ ਗੈਸ ਤੁਹਾਡੇ ਘਰ ਵਿੱਚ ਲੀਕ ਹੋ ਰਹੀ ਹੈ, ਤਾਂ ਤੁਰੰਤ ਆਪਣੀ ਗੈਸ ਕੰਪਨੀ ਨਾਲ ਸੰਪਰਕ ਕਰੋ। ਸੰਪਰਕ ਵੇਰਵੇ ਤੁਹਾਡੇ ਆਖਰੀ ਗੈਸ ਬਿੱਲ 'ਤੇ ਹੋਣਗੇ।

# ਵਧੇਰੇ ਜਾਣਕਾਰੀ

ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਉਪਲਬਧ ਹੈ: esv.vic.gov.au

ਇਲੈਕਟ੍ਰੀਸ਼ੀਅਨ ਅਤੇ ਗੈਸ ਫਿੱਟਰਾਂ ਲਈ ਐਨਰਜੀ ਸੇਫ਼ ਦੀ ਤਕਨੀਕੀ ਪੁੱਛਗਿੱਛ ਲਾਈਨ ਇਸ ਨੰਬਰ 'ਤੇ ਉਪਲਬਧ ਹੈ: 1800 652 563।

ਬਿਜਲੀ ਵਿਤਰਨ ਵਾਲੀਆਂ ਕੰਪਨੀਆਂ ਦੇ ਫ਼ੋਨ ਨੰਬਰ ਇਸ ਪ੍ਰਕਾਰ ਹਨ:

- Citipower (ਸਿਟੀਪਾਵਰ) 13 12 80
- Powercor (ਪਾਵਰਕੋਰ) 13 24 12
- AusNet Services (ਔਸਨੇਟ ਸਰਵਿਸਜ਼) 13 17 99
- Jemena (ਜੇਮੇਨਾ) 13 16 26
- United Energy (ਯੂਨਾਇਟਡ ਐਨਰਜੀ) 13 20 99